Nature for Newcomers



Bow Valley WildSmart

ਨੇਚਰ ਫੌਰ ਨਿਊਕਮਰਜ਼ (Nature for Newcomers) ਨਵੇਂ ਕਨੇਡੀਅਨਾਂ, ਨਵੇਂ ਆਉਣ ਵਾਲੇ ਲੋਕਾਂ ਅਤੇ ਇੰਗਲਿਸ਼ ਐਜ਼ ਏ ਸੈਕਿੰਡ ਲੈਂਗੁਏਜ ਨਿਵਾਸੀਆਂ ਅਤੇ ਸੈਲਾਨੀਆਂ ਨੂੰ ਔਨਲਾਇਨ ਸਮੱਗਰੀ ਅਤੇ ਪ੍ਰਿੰਟ ਕੀਤੇ ਜਾ ਸਕਣ ਵਾਲੇ ਸਾਧਨਾਂ ਰਾਹੀਂ ਉਨ੍ਹਾਂ ਦੀ ਭਾਸ਼ਾ ਵਿੱਚ ਜੰਗਲੀ ਜੀਵਾਂ ਸੰਬੰਧੀ ਸੁਰੱਖਿਆ ਬਾਰੇ ਜਾਣਕਾਰੀ ਮੁਹੱਈਆ ਕਰਨ ਲਈ ਪ੍ਰੋਗਰਾਮ ਹੈ।

*Nature for Newcomers is a program to provide New Canadians, Newcomers and English as a second language residents and visitors with information on wildlife safety in their language through online materials and printable resources.*

## ਬੇਅਰ ਸਪ੍ਰੇ (Bear Spray) ਕੀ ਹੈ?

ਇਹ ਮਿਰਚਾਂ (ਪੈਪਰਜ਼) ਦੇ ਨਾਲ ਬਣਿਆ ਗੈਰ-ਮਾਰਕ ਏਰੋਸੋਲ ਸਪ੍ਰੇ ਹੈ ਜਿਸ ਨੂੰ ਇੱਕ ਭਾਲੂ ਨੂੰ ਤੁਹਾਡੇ ਤੇ ਹਮਲਾ ਕਰਨ ਤੋਂ ਰੋਕਣ ਲਈ ਵਰਤਿਆ ਜਾ ਸਕਦਾ ਹੈ। ਇਸ ਕਰਕੇ ਅਸਥਾਈ ਅੰਨ੍ਹਾਪਨ ਹੋ ਸਕਦਾ ਹੈ ਅਤੇ ਇਹ ਜਾਨਵਰ ਨੂੰ ਅਸਮਰੱਥ ਕਰ ਸਕਦਾ ਹੈ। ਤੁਹਾਡੇ ਵਾਸਤੇ ਜ਼ਰੂਰੀ ਹੈ ਕਿ ਤੁਸੀਂ ਉਸ ਨੂੰ ਜਾਨਵਰ ਦੇ ਚਿਹਰੇ ਤੇ ਛਿੜਕੋ,ਆਪਣੇ ਆਪ ਜਾਂ ਆਪਣੇ ਸਮਾਨ ਤੇ ਨਹੀਂ। ਇਹ ਕੀੜਿਆਂ ਨੂੰ ਮਾਰ ਭਜਾਉਣ ਵਰਗੇ ਸਪ੍ਰੇ ਵਰਗਾ ਨਹੀਂ ਹੈ। ਆਪਣੇ ਬੇਅਰ ਸਪ੍ਰੇ ਨਾਲ ਆਉਣ ਵਾਲੀਆਂ ਹਿਦਾਇਤਾਂ ਨੂੰ ਪੜ੍ਹੋ ਅਤੇ ਉਨ੍ਹਾਂ ਦੀ ਪਾਲਣਾ ਕਰੋ!

- ਬੇਅਰ ਸਪ੍ਰੇ ਕਾਲੇ ਅਤੇ ਭੂਰੇ (ਗ੍ਰਿਜ਼ਲੀ) ਭਾਲੂਆਂ ਦੁਆਰਾ ਹਮਲਿਆਂ ਨੂੰ ਰੋਕਣ ਵਿੱਚ ਪ੍ਰਭਾਵਸ਼ਾਲੀ ਸਾਬਤ ਹੋਇਆ ਹੈ। ਇਹ ਕੂਗਰਾਂ, ਬਘਿਆੜਾਂ (wolves), ਕਾਏਓਟੀਆਂ (coyotes) ਅਤੇ ਐਲਕ (elk) ਵਰਗੇ ਦੂਸਰੇ ਜਾਨਵਰਾਂ ਦੇ ਨਾਲ ਸਾਮ੍ਹਣਿਆਂ ਲਈ ਉਪਯੋਗੀ ਰੋਧਕ ਵੀ ਹੋ ਸਕਦਾ ਹੈ। ਇਹ ਸਾਮ੍ਹਣਿਆਂ ਨੂੰ ਰੋਕੇਗਾ ਨਹੀਂ ਪਰ ਇੱਕ ਹਮਲੇ ਨੂੰ ਰੋਕ ਸਕਦਾ ਹੈ ਜਾਂ ਤੁਹਾਨੂੰ ਸੱਟ ਜਾਂ ਮੌਤ ਤੋਂ ਬਚਾ ਸਕਦਾ ਹੈ।
- ਪਹਿਲਾਂ ਹੀ ਸਮੂਹਾਂ ਵਿੱਚ ਸਫ਼ਰ ਕਰਕੇ, ਸ਼ੋਰ ਕਰਕੇ, ਪਾਲਤੂ ਜਾਨਵਰਾਂ ਨੂੰ ਲੀਸ਼ ਤੇ ਰੱਖ ਤੇ ਅਤੇ ਆਪਣੇ ਆਲੇ ਦੁਆਲੇ ਬਾਰੇ ਸਚੇਤ ਰਹਿ ਕੇ ਸਾਮ੍ਹਣਿਆਂ ਤੋਂ ਬਚਣ ਲਈ ਸਾਵਧਾਨੀਆਂ ਵਰਤੋ। ਈਅਰ ਬੱਡ ਜਾਂ ਹੈਂਡਫੋਨ ਨਾ ਪਹਿਨੋ।
- ਹਰੇਕ ਵਾਰੀ ਜਦੋਂ ਤੁਸੀਂ ਸਾਹਸੀ ਕੰਮਾਂ ਵਾਸਤੇ ਬਾਹਰ ਜਾਂਦੇ ਹੋ ਅਤੇ ਸਾਰੇ ਸਾਲ ਦੇ ਦੌਰਾਨ ਆਪਣਾ ਬੇਅਰ ਸਪ੍ਰੇ ਆਪਣੇ ਨਾਲ ਰੱਖੋ। ਉਸ ਨੂੰ ਤੁਹਾਡੇ ਸਰੀਰ ਤੇ ਇੱਕ ਅਸਾਨੀ ਨਾਲ ਪਹੁੰਚਣਯੋਗ ਸਥਾਨ ਤੇ ਰੱਖਿਆ ਜਾਣਾ ਚਾਹੀਦਾ ਹੈ, ਤੁਹਾਡੇ ਬੈਕਪੈਕ ਵਿੱਚ ਨਹੀਂ!
- ਐਕਸਪਾਇਰੀ ਦੀ ਤਰੀਕ ਜਾਂਚੋ ਅਤੇ ਐਕਸਪਾਇਰ ਹੋ ਜਾਣ ਤੇ ਇੱਕ ਨਵਾਂ ਕੈਨ ਖਰੀਦੋ। ਐਕਸਪਾਇਰ ਹੋ ਗਿਆ ਬੇਅਰ ਸਪ੍ਰੇ ਵਰਤਣ ਦੀ ਸਲਾਹ ਨਹੀਂ ਦਿੱਤੀ ਜਾਂਦੀ।
- www.wildsmart.ca/bearspray:ਤੇ ਸਾਡਾ ਵੀਡਿਓ 'ਬੇਅਰ ਸਪ੍ਰੇ ਨੂੰ ਸਹੀ ਢੰਗ ਨਾਲ ਕਿਵੇਂ ਵਰਤਿਆ ਜਾਵੇ" ("How to properly use bear spray") ਦੇਖੋ।

## *What is Bear Spray?*

*It is a non-lethal aerosol spray made with peppers that can be used to deter a bear from attacking you. It causes temporary blindness and can incapacitate the animal. You must spray it at the animal's face, not on yourself or your belongings. It is not the same as insect repellent. Read and follow instructions that come with your bear spray!*

- *Bear spray has been proven to be effective at deterring attacks by black and grizzly bears. It could also be a useful deterrent for encounters with other animals such as cougars, wolves, coyotes and elk. It will not prevent encounters but can prevent an attack or save you from injury or death.*
- *Take precautions to avoid encounters in the first place by travelling in groups, making noise, keeping pets on a leash and being aware of your surroundings. Do not wear ear buds or headphones.*
- *Carry your bear spray every time you adventure into the outdoors and throughout the year. It should be carried in an easily accessible location on your person, not in your backpack!*
- *Check the expiry date and purchase a new can once expired. It is not advisable to use expired bear spray.*
- *Watch our video "How to properly use bear spray" at: www.wildsmart.ca/bearspray*

## ਮੈਂ ਬੇਅਰ ਸਪ੍ਰੇ ਕਿਥੋਂ ਲੈ ਸਕਦਾ/ਦੀ ਹਾਂ?

ਤੁਸੀਂ ਜ਼ਿਆਦਾਤਰ ਸਥਾਨਕ ਸਪੋਰਟਸ ਸਟੋਰਾਂ ਤੋਂ ਬੇਅਰ ਸਪ੍ਰੇ ਖਰੀਦ ਸਕਦੇ ਹੋ, ਅਤੇ ਕਈ ਸਟੋਰ ਬੇਅਰ ਸਪ੍ਰੇ ਕਿਰਾਏ ਤੇ ਵੀ ਦਿੰਦੇ ਹਨ।

## *Where can I get Bear Spray?*

*You can purchase bear spray at most local sports stores, and some stores even rent out bear spray.*

Nature for Newcomers



Bow Valley WildSmart

# ਭਾਲੂਆਂ ਨੇੜੇ ਹੁਸ਼ਿਆਰ ਰਹਿਣਾ

ਬੇਅਰ ਕੰਟਰੀ ਵਿੱਚ ਰਹਿਣ ਅਤੇ ਘੁੰਮਣ ਜਾਣ ਵਾਲੇ ਅਨੇਕ ਲੋਕ ਕਦੇ ਵੀ ਭਾਲੂ ਨਹੀਂ ਦੇਖਦੇ। ਪਰ ਭਾਲੂਆਂ ਨਾਲ ਸਾਮ੍ਹਣਿਆਂ ਤੋਂ ਕਿਵੇਂ ਬਚਣਾ ਹੈ ਅਤੇ ਜੇ ਅਜਿਹਾ ਹੋ ਜਾਂਦਾ ਹੈ ਤਾਂ ਕੀ ਕਰਨਾ ਚਾਹੀਦਾ ਹੈ ਜਾਣਨਾ ਮਹੱਤਵਪੂਰਨ ਹੈ।

# *Living Smart near Bears*

*Many people who live in and visit bear country never see a bear. It is however important to know how to avoid encounters with bears and what to do if you have one.*

## ਭਾਲੂਆਂ ਨਾਲ ਸਾਮ੍ਹਣਿਆਂ ਤੋਂ ਬਚੋ

- ਭਾਲੂਆਂ ਕੋਲ ਨਾ ਜਾਓ ਜਾਂ ਉਨ੍ਹਾਂ ਨੂੰ ਫੀਡ ਨਾ ਕਰੋ, ਇਸ ਕਰਕੇ ਅਸੁਰੱਖਿਅਤ ਪ੍ਰਤੀਕਿਰਿਆ ਹੋ ਸਕਦੀ ਹੈ ਜਿਸ ਦਾ ਨਤੀਜਾ ਮਨੁੱਖੀ ਸੱਟ ਅਤੇ/ਜਾਂ ਭਾਲੂ ਦਾ ਨਾਸ਼ ਹੋ ਸਕਦਾ ਹੈ।
- ਅਚਾਨਕ ਹੋਣ ਵਾਲੇ ਸਾਮ੍ਹਣਿਆਂ ਤੋਂ ਬਚਣ ਲਈ, ਬਹੁਤ ਸ਼ੋਰ ਕਰੋ।
- ਭਾਲੂਆਂ ਸੰਬੰਧੀ ਗਤੀਵਿਧੀ ਦੇ ਤਾਜ਼ਾ ਪ੍ਰਮਾਣਾਂ ਲਈ ਧਿਆਨ ਰੱਖੋ ਉਦਾਹਰਣ ਲਈ ਟ੍ਰੈਕ, ਲੀਦ (scat), ਖੁਦਾਈਆਂ ਜਾਂ ਉਲਟਾਏ ਗਏ ਪੱਥਰ ਅਤੇ ਲੱਕੜਾਂ।
- ਸਮੂਹਾਂ ਵਿੱਚ ਸਫ਼ਰ ਕਰੋ।
- ਆਪਣੇ ਪਾਲਤੂ ਜਾਨਵਰਾਂ ਨੂੰ ਲੀਸ਼ ਤੇ ਰੱਖੋ।
- ਬੇਅਰ ਸਪ੍ਰੇ ਨਾਲ ਰੱਖੋ ਅਤੇ ਉਸ ਨੂੰ ਵਰਤਣ ਲਈ ਤਿਆਰ ਰਹੋ।
- ਜੇ ਤੁਸੀਂ ਇੱਕ ਭਾਲੂ ਦੇਖਦੇ ਹੋ ਜਾਂ ਮਰੇ ਹੋਏ ਜਾਨਵਰ ਨੂੰ ਦੇਖਦੇ ਜਾਂ ਸੁੰਘਦੇ ਹੋ, ਤਾਂ ਉਸ ਖੇਤਰ ਤੋਂ ਹਟ ਜਾਓ।
- ਟ੍ਰੇਲਾਂ ਬੰਦ ਹੋਣ ਅਤੇ ਜਾਣਕਾਰੀ ਦੇ ਸਾਰੇ ਸੰਕੇਤਾਂ ਦਾ ਆਦਰ ਕਰੋ। ਉਹ ਤੁਹਾਡੀ ਸੁਰੱਖਿਆ ਲਈ ਉਥੇ ਹਨ।
- ਆਪਣੀ ਸੰਪਤੀ ਤੋਂ ਸੰਭਾਵੀ ਆਰਕਸ਼ਣਾਂ ਜਿਵੇਂ ਕਿ ਕਚਰੇ, ਪਾਲਤੂ ਜਾਨਵਰਾਂ ਦੇ ਭੋਜਨ, ਬਰਡ ਫੀਡਰਾਂ, ਬੈਰੀਆਂ ਦੀਆਂ ਝਾੜੀਆਂ ਅਤੇ ਫਲਾਂ ਦੇ ਪੇੜਾਂ ਨੂੰ ਹਟਾਓ।

## *Avoid Bear Encounters*

- *Do not approach or feed bears, this could elicit an unsafe response that could lead to human injury and/or the destruction of the bear.*
- *To avoid surprise encounters, make lots of noise.*
- *Watch for fresh evidence of bear activity e.g. tracks, scat, diggings, or overturned rocks and logs.*
- *Travel in groups.*
- *Keep your pets on a leash.*
- *Carry bear spray and be prepared to use it.*
- *If you see a bear or see or smell a dead animal, leave the area.*
- *Respect all trail closures and information signs. They are there for your safety.*
- *Remove potential attractants from your property such as garbage, pet food, bird feeders, berry bushes and fruit trees.*

## ਇੱਕ ਸਾਮ੍ਹਣੇ ਨੂੰ ਸੰਭਾਲਣਾ

ਭਾਲੂਆਂ ਨਾਲ ਜ਼ਿਆਦਾਤਰ ਸਾਮ੍ਹਣੇ ਸੱਟ ਤੋਂ ਬਿਨਾਂ ਸਮਾਪਤ ਹੋ ਜਾਂਦੇ ਹਨ। ਜੇ ਭਾਲੂ ਤੁਹਾਡੀ ਮੌਜੂਦਗੀ ਬਾਰੇ ਅਣਜਾਣ ਹੈ - ਖੇਤਰ ਨੂੰ ਉਸ ਦਿਸ਼ਾ ਵਲ ਛੱਡੋ ਜਿਸ ਵਲੋਂ ਤੁਸੀਂ ਆਏ ਸੀ।

ਜੇ ਭਾਲੂ ਤੁਹਾਡੀ ਮੌਜੂਦਗੀ ਬਾਰੇ ਵਾਕਫ਼ ਹੈ ਅਤੇ ਚਲਾ ਨਹੀਂ ਜਾਂਦਾ ਹੈ, ਡਰਾਓ ਨਾ - ਸ਼ਾਂਤੀ ਨਾਲ ਬੋਲੋ, ਚੀਕੋ ਨਾ। ਆਪਣੇ ਸਮੂਹ ਨਾਲ ਰਹੋ, ਸ਼ਾਂਤ ਰਹੋ ਅਤੇ ਹੌਲੀ ਹੌਲੀ ਪਿੱਛੇ ਹਟੋ - ਭੱਜੋ ਨਾ।

ਜੇ ਤੁਹਾਡੀ ਪਿੱਛੇ ਹੱਟਣ ਦੀ ਕੋਸ਼ਿਸ਼ ਦੇ ਬਾਅਦ ਵੀ - ਭਾਲੂ ਤੁਹਾਡੇ ਨੇੜੇ ਆ ਜਾਂਦਾ ਹੈ, ਤਾਂ ਅਜਿਹੇ ਵਿਵਹਾਰ ਨੂੰ ਉਤਸੁਕ, ਦਿਲਚਸਪੀ ਨਾ ਰੱਖਣ ਵਾਲਾ ਜਾਂ ਹਿੰਸਕ ਮੰਨਿਆ ਜਾ ਸਕਦਾ ਹੈ।

ਜੇ ਭਾਲੂ ਨੇੜੇ ਆਉਣਾ ਜਾਰੀ ਰੱਖਦਾ ਹੈ - ਤਾਂ ਆਪਣੇ ਆਪ ਨੂੰ ਵੱਡਾ ਦਿਖਾਓ, ਡਟੇ ਰਹੋ ਅਤੇ ਭਾਲੂ ਨਾਲ ਦ੍ਰਿੜਤਾ ਨਾਲ ਗੱਲ ਕਰੋ।

## *Handling an ENCOUNTER*

*Most encounters with bears end without injury. If the bear is unaware of your presence – leave the area in the direction you came.*

*If the bear is aware of your presence and does not leave, be non-threatening – speak calmly, do not yell. Stay with your group, stay calm and back away slowly – DO NOT RUN.*

*If the bear closes distance on you – even after you have tried to retreat, such behaviour could be considered curious, indifferent or predatory.*

*If the bear continues closing distance – make yourself look large, stand your ground and talk firmly to the bear.*

Nature for Newcomers



Bow Valley WildSmart

## ਇੱਕ ਹਮਲੇ ਨੂੰ ਸੰਭਾਲਣਾ

ਮਨੁੱਖਾਂ ਤੇ ਭਾਲੂਆਂ ਦੇ ਹਮਲੇ ਬਹੁਤ ਵਿਰਲੇ ਹੁੰਦੇ ਹਨ। ਤੁਸੀਂ ਇੰਨ੍ਹਾਂ ਸੇਧਾਂ ਦੀ ਪਾਲਣਾ ਕਰਕੇ ਆਪਣੇ ਬਚਾਅ ਦੇ ਸੰਜੋਗ ਨੂੰ ਵਧਾ ਸਕਦੇ ਹੋ। ਆਮਤੌਰ ਤੇ, ਹਮਲੇ ਦੋ ਕਿਸਮਾਂ ਦੇ ਹੁੰਦੇ ਹਨ:

### 1. ਰੱਖਿਆਤਮਕ ਹਮਲਾ

ਭਾਲੂ ਆਪਣੇ ਭੋਜਨ ਦੀ ਰੱਖਿਆ ਕਰ ਰਿਹਾ ਹੈ (ਉਦਾਹਰਣ ਲਈ ਪਸ਼ੂ ਦੀ ਲਾਸ਼, ਬੈਰੀ ਪੈਚ),ਆਪਣੇ ਬੱਚੇ ਦੀ ਰੱਖਿਆ ਕਰ ਰਿਹਾ ਹੈ ਅਤੇ/ਜਾਂ ਤੁਹਾਡੀ ਮੌਜੂਦਗੀ ਦੁਆਰਾ ਹੈਰਾਨ ਹੋ ਗਿਆ ਹੈ (ਉਸ ਨੇ ਤੁਹਾਨੂੰ ਆਉਂਦੇ ਹੋਏ ਨਹੀਂ ਸੁਣਿਆ)। ਉਹ ਹਮਲਾ ਕਰਦਾ ਹੈ ਕਿਉਂਕਿ ਤੁਹਾਨੂੰ ਇੱਕ ਖਤਰੇ ਦੀ ਤਰ੍ਹਾਂ ਦੇਖਿਆ ਜਾਂਦਾ ਹੈ। ਯਾਦ ਰੱਖੋ ਕਿ ਭਾਲੂ ਅਕਸਰ ਹਮਲਾ ਕਰਨ ਦਾ ਦਿਖਾਵਾ ਕਰਦੇ ਹਨ (bluff charge) - ਜਦੋਂ ਜਾਨਵਰ ਨੇੜੇ ਆਉਂਦਾ ਹੈ ਪਰ ਸੰਪਰਕ ਕਰਨ ਤੋਂ ਪਹਿਲਾਂ ਰੁਕ ਜਾਂਦਾ ਹੈ।

**ਡਰਾਓ ਨਾ – ਭੱਜੋ ਜਾਂ ਚੀਕੋ ਨਾ। ਸ਼ਾਂਤ ਰਹੋ ਅਤੇ ਹੌਲੀ ਹੌਲੀ ਪਿੱਛੇ ਹਟੋ।**

ਜੇ ਭਾਲੂ ਰੇਂਜ ਦੇ ਵਿੱਚ ਆਉਂਦਾ ਹੈ, ਤਾਂ ਹਿਦਾਇਤਾਂ ਅਨੁਸਾਰ ਆਪਣਾ ਬੇਅਰ ਸਪ੍ਰੇ ਵਰਤੋ।

ਜੇ ਭਾਲੂ ਤੁਹਾਡੇ ਨਾਲ ਸੰਪਰਕ ਕਰਦਾ ਹੈ, ਤਾਂ **ਮਰੇ ਹੋਏ ਹੋਣ ਦੀ ਐਕਟਿੰਗ ਕਰੋ !**

ਮੂੰਹ ਨੀਚੇ ਕਰਕੇ ਜ਼ਮੀਨ ਤੇ ਡਿੱਗੋ, ਆਪਣੀਆਂ ਉਂਗਲਾ ਨੂੰ ਇੱਕ ਦੂਜੇ ਨਾਲ ਫਸਾ ਕੇ ਆਪਣੀ ਗਰਦਨ ਦੇ ਪਿੱਛਲੇ ਪਾਸੇ ਰੱਖੋ ਅਤੇ ਭਾਲੂ ਵਾਸਤੇ ਤੁਹਾਨੂੰ ਪਲਟਾਉਣ ਨੂੰ ਮੁਸ਼ਕਲ ਬਣਾਉਣ ਲਈ ਆਪਣੀਆਂ ਲੱਤਾਂ ਨੂੰ ਫੈਲਾਓ। ਮਰੇ ਹੋਣ ਦੀ ਐਕਟਿੰਗ ਕਰਨ ਨਾਲ ਸੰਭਵ ਹੈ ਕਿ ਭਾਲੂ ਤੁਹਾਡੇ ਵਿੱਚ ਦਿਲਚਸਪੀ ਗੁਆ ਦੇਵੇ ਅਤੇ ਚਲਾ ਜਾਵੇ। ਰੱਖਿਆਤਮਕ ਹਮਲੇ ਆਮਤੌਰ ਤੇ ਦੋ ਮਿੰਟਾਂ ਤੋਂ ਘੱਟ ਅਵਧੀ ਦੇ ਹੁੰਦੇ ਹਨ। ਜੇ ਹਮਲਾ ਜਾਰੀ ਰਹਿੰਦਾ ਹੈ, ਤਾਂ ਇਸਦਾ ਮਤਲਬ ਹੋ ਸਕਦਾ ਹੈ ਕਿ ਹਮਲਾ ਰੱਖਿਆਤਮਕ ਤੋਂ ਗੈਰ - ਰੱਖਿਆਤਮਕ (ਯਾਨੀ ਕਿ ਹਿੰਸਕ) ਵਿੱਚ ਬਦਲ ਗਿਆ ਹੈ - ਇਸ ਸੂਰਤ ਵਿੱਚ ਵਾਪਸ ਲੜੋ!

### 2. ਗੈਰ-ਰੱਖਿਆਤਮਕ ਹਮਲਾ

ਭਾਲੂ ਤੁਹਾਡੀ ਮੌਜੂਦਗੀ ਬਾਰੇ ਜਾਣਦਾ ਹੈ ਅਤੇ ਉਸ ਕੋਲ ਚਲੇ ਜਾਣ ਲਈ ਸਮਾਂ ਸੀ ਪਰ ਉਹ ਤੁਹਾਡੇ ਨੇੜੇ ਆਉਣਾ ਜਾਰੀ ਰੱਖਦਾ ਹੈ - ਤੁਹਾਡੇ ਪਿੱਛੇ ਹੱਟਣ ਦੀ ਕੋਸ਼ਿਸ਼ ਕਰਨ ਤੋਂ ਬਾਅਦ ਵੀ। ਅਜਿਹੇ ਵਿਵਹਾਰ ਨੂੰ ਉਤਸੁਕ, ਦਿਲਚਸਪੀ ਨਾ ਰੱਖਣ ਵਾਲਾ ਜਾਂ ਹਿੰਸਕ ਮੰਨਿਆ ਜਾ ਸਕਦਾ ਹੈ।

**ਭਾਲੂ ਨੂੰ ਡਰਾਓ - ਆਪਣੇ ਆਪ ਨੂੰ ਵੱਡਾ ਦਰਸ਼ਾਓ ਅਤੇ ਚੀਕੋ। ਭੱਜੋ ਨਾ।**

ਜੇ ਭਾਲੂ ਰੇਂਜ ਦੇ ਵਿੱਚ ਆਉਂਦਾ ਹੈ, ਤਾਂ ਹਿਦਾਇਤਾਂ ਅਨੁਸਾਰ ਆਪਣੇ ਬੇਅਰ ਸਪ੍ਰੇ ਵਰਤੋ।

ਜੇ ਭਾਲੂ ਤੁਹਾਡੇ ਨਾਲ ਸੰਪਰਕ ਕਰਦਾ ਹੈ, ਤਾਂ **ਵਾਪਸ ਲੜੋ!** ਮਰੇ ਹੋਣ ਦੀ ਐਕਟਿੰਗ ਨਾ ਕਰੋ।

ਤੁਹਾਡੇ ਹੱਥ ਵਿੱਚ ਜੋ ਕੁਝ ਵੀ ਹੈ (ਉਦਾਹਰਣ ਲਈ, ਸੋਟੀ, ਪੱਥਰ, ਹਾਈਕਿੰਗ ਪੋਲ) ਦੇ ਨਾਲ ਅੱਖਾਂ ਅਤੇ ਨੱਕ ਤੇ ਹਮਲਾ ਕਰੋ ਅਤੇ ਭਾਲੂ ਨੂੰ ਇਹ ਦਿਖਾਉਣ ਲਈ ਤੁਸੀਂ ਜੋ ਕੁਝ ਵੀ ਕਰ ਸਕਦੇ ਹੋ ਕਰੋ ਕਿ ਤੁਸੀਂ ਇੱਕ ਆਸਾਨ ਸ਼ਿਕਾਰ ਨਹੀ ਹੋ।

## *Handling an ATTACK*

*Bear attacks on humans are very rare. You may increase your chance of survival by following these guidelines. In general, there are two kinds of attacks:*

### *1. Defensive Attack*

*The bear is protecting its food (e.g. a carcass, berry patch), protecting its young and/or is surprised by your presence (it didn't hear you coming). It attacks because you are perceived as a threat. Remember bears will often bluff charge – when the animal closes distance but stops short of making contact.*

***Be non-threatening – Do NOT run or yell. Stay calm and back away slowly.***

*If the bear comes within range, use your bear spray as per instructions.*

*If the bear makes contact with you,* ***PLAY DEAD!***

*Drop to the ground face down, interlace your fingers over the back of your neck and spread your legs to make it more difficult for the bear to turn you over. By playing dead the bear will likely lose interest in you and leave. Defensive attacks are generally less than two minutes in duration. If the attack continues, it may mean the attack has shifted from defensive to non-defensive (i.e. predatory) – in this case fight back!*

### *2. Non-defensive Attack*

*The bear is aware of your presence and has time to leave but continues closing distance on you – even after you have tried to retreat. This behaviour could be considered curious, indifferent or predatory.*

***Intimidate the bear – Make yourself look large and yell. Do NOT run.***

*If the bear comes within range, use your bear spray as per instructions.*

*If the bear makes contact with you,* ***FIGHT BACK!*** *Do NOT play dead.*

*Attack the eyes and nose with whatever you have at hand (e.g. stick, rock, hiking pole) and do whatever it takes to let the bear know you are not easy prey.*

Nature for Newcomers



Bow Valley WildSmart

## ਕੂਗਰਾਂ, ਬਘਿਆੜਾਂ (wolves) ਅਤੇ ਕਾਏਓਟੀਆਂ ਦੇ ਨੇੜੇ ਹੁਸ਼ਿਆਰ ਰਹਿਣਾ

ਹਾਲਾਂਕਿ ਵਿਰਲੇ ਹੀ ਦੇਖੇ ਜਾਂਦੇ ਹਨ ਬੋ ਵੈਲੀ ਵਿੱਚ ਕੂਗਰ, ਬਘਿਆੜ (wolves) ਅਤੇ ਕਾਏਓਟੀ ਰਹਿੰਦੇ ਹਨ।
403.591.7755 ਤੇ ਕੂਗਰ ਅਤੇ ਬਘਿਆੜ ਦਿਸਣ ਦੀ ਰਿਪੋਰਟ ਕਰੋ।

### ਕੂਗਰਾਂ, ਬਘਿਆੜਾਂ (wolves) ਅਤੇ ਕਾਏਓਟੀਆਂ ਨਾਲ ਸਾਮ੍ਹਣਿਆਂ ਤੋਂ ਬਚੋ

- ਇਹ ਜਾਨਵਰ ਆਮਤੌਰ ਤੇ ਲੋਕਾਂ ਤੋਂ ਗੁਰੇਜ਼ ਕਰਦੇ ਹਨ।
- ਜਾਨਵਰਾਂ ਨੂੰ ਆਪਣੀ ਮੌਜੂਦਗੀ ਬਾਰੇ ਸਚੇਤ ਕਰਨ ਲਈ ਸ਼ੋਰ ਕਰੋ।
- ਸਮੂਹਾਂ ਵਿੱਚ ਸਫ਼ਰ ਕਰੋ ਅਤੇ ਬੱਚਿਆਂ ਅਤੇ ਪਾਲਤੂ ਜਾਨਵਰਾਂ ਸਮੇਤ ਸਾਰਿਆਂ ਨੂੰ ਇਕੱਠਾ ਰੱਖੋ।
- ਉਨ੍ਹਾਂ ਦੇ ਛੋਟੇ ਆਕਾਰ ਅਤੇ ਹਰਕਤਾਂ ਦੇ ਅਸਥਿਰ ਪੈਟਰਨਾਂ ਕਰਕੇ, ਕੂਗਰ ਬੱਚਿਆਂ ਵਲ ਆਕਰਸ਼ਤ ਹੋ ਸਕਦੇ ਹਨ। ਆਪਣੇ ਬੱਚਿਆਂ ਤੇ ਨਜ਼ਰ ਰੱਖੋ, ਖਾਸ ਕਰਕੇ ਸ਼ਾਮ ਅਤੇ ਸਵੇਰ ਦੇ ਦੌਰਾਨ, ਜਦੋਂ ਕੂਗਰ ਸਭ ਤੋਂ ਕਿਰਿਆਸ਼ੀਲ ਹੁੰਦੇ ਹਨ।
- ਆਪਣੇ ਪਾਲਤੂ ਜਾਨਵਰਾਂ ਨੂੰ ਲੀਸ਼ ਤੇ ਰੱਖੋ।
- ਜੇ ਤੁਸੀਂ ਇੱਕ ਮਰਿਆ ਹੋਇਆ ਜਾਨਵਰ ਦੇਖਦੇ ਜਾਂ ਸੁੰਘਦੇ ਹੋ ਤਾਂ ਖੇਤਰ ਤੋਂ ਹੱਟ ਜਾਓ। ਕੂਗਰ ਆਮਤੌਰ ਤੇ ਆਪਣੇ ਦੁਆਰਾ ਸ਼ਿਕਾਰ ਕੀਤੇ ਗਏ ਜਾਨਵਰਾਂ ਨੂੰ ਜੰਗਲ ਦੇ ਮਲਬੇ ਦੇ ਨਾਲ ਢਕ ਦਿੰਦੇ ਹਨ ਪਰ ਨੇੜੇ ਰਹਿੰਦੇ ਹਨ।

### ਇੱਕ ਸਾਮ੍ਹਣੇ ਨੂੰ ਸੰਭਾਲਣਾ

- ਬੱਚਿਆਂ ਅਤੇ ਪਾਲਤੂ ਜਾਨਵਰਾਂ ਨੂੰ ਤੁਰੰਤ ਚੁੱਕ ਲਓ।
- ਜਾਨਵਰ ਵਲ ਆਪਣੀ ਪਿੱਠ ਨਾ ਕਰੋ।
- ਜਾਨਵਰ ਦੇ ਨਾਲ ਅੱਖਾਂ ਦਾ ਸੰਪਰਕ ਬਣਾਈ ਰੱਖੋ।
- ਹਮੇਸ਼ਾ ਜਾਨਵਰ ਦੇ ਭੱਜਣ ਲਈ ਜਗ੍ਹਾ ਛੱਡੋ।
- **ਕਦੇ ਵੀ ਭੱਜੋ ਨਾ**; ਅਜਿਹਾ ਕਰਨਾ ਹਮਲੇ ਨੂੰ ਟ੍ਰਿਗਰ ਕਰ ਸਕਦਾ ਹੈ, ਕਿਉਂਕਿ ਸੰਭਵ ਹੈ ਕਿ ਜਾਨਵਰ ਸਹਿਜ ਰੂਪ ਨਾਲ ਤੁਹਾਡਾ ਪਿੱਛਾ ਕਰੇ।
- ਆਪਣੇ ਆਪ ਨੂੰ ਜਿੰਨ੍ਹਾਂ ਸੰਭਵ ਹੋਵੇ ਵੱਡਾ ਦਰਸ਼ਾਓ।
- ਹੌਲੀ ਹੌਲੀ ਪਿੱਛੇ ਹਟੋ।

### ਇੱਕ ਹਮਲੇ ਨੂੰ ਸੰਭਾਲਣਾ

- ਆਕ੍ਰਾਮਕ ਢੰਗ ਨਾਲ ਵਿਵਹਾਰ ਕਰੋ ਅਤੇ ਆਪਣੇ ਪੈਰ ਜ਼ੋਰ - ਜ਼ੋਰ ਨਾਲ ਜ਼ਮੀਨ ਤੇ ਮਾਰੋ,ਚੀਕੋ ਜਾਂ ਜਾਨਵਰ ਤੇ ਕੁਝ ਸੁੱਟੋ।
- ਜੇ ਜਾਨਵਰ ਰੇਂਜ ਦੇ ਵਿੱਚ ਆਉਂਦਾ ਹੈ, ਤਾਂ ਹਿਦਾਇਤਾਂ ਅਨੁਸਾਰ ਆਪਣਾ ਬੇਅਰ ਸਪ੍ਰੇ ਵਰਤੋ।
- ਜੇ ਜਾਨਵਰ ਸੰਪਰਕ ਕਰਦਾ ਹੈ, ਤਾਂ ਵਾਪਸ ਲੜੋ ਅਤੇ ਤੁਹਾਡੇ ਹੱਥ ਵਿੱਚ ਜੋ ਕੁਝ ਵੀ ਹੈ (ਉਦਾਹਰਣ ਲਈ, ਸੋਟੀ, ਪੱਥਰ, ਹਾਈਕਿੰਗ ਪੋਲ) ਦੇ ਨਾਲ ਅੱਖਾਂ ਅਤੇ ਨੱਕ ਤੇ ਹਮਲਾ ਕਰੋ। ਜਾਨਵਰ ਨੂੰ ਦੱਸੋ ਕਿ ਤੁਸੀਂ ਆਸਾਨ ਸ਼ਿਕਾਰ ਨਹੀ ਹੋ।

## *Living Smart near Cougars, Wolves and Coyotes*

*Though rarely seen, cougars, wolves and coyotes live in the Bow Valley.*
*Report cougar and wolf sightings to 403.591.7755*

### *Avoid Cougar, Wolf and Coyote Encounters*

- *These animals generally avoid people.*
- *Make noise to alert animals of your presence.*
- *Travel in groups and keep everyone together including children and pets.*
- *Cougars can be drawn to children, due to their small size and erratic movement patterns. Keep watch over your children, especially during dusk and dawn, when cougars are most active.*
- *Keep your pets on a leash.*
- *Leave the area if you see or smell a dead animal. Cougars usually cover their kills with forest debris but remain close by.*

### *Handling an ENCOUNTER*

- *Immediately pick up children and pets.*
- *Do not turn your back on the animal.*
- *Maintain eye contact with the animal.*
- *Always leave room for the animal to escape.*
- ***NEVER RUN**; Doing so may trigger an attack, as the animal may instinctively chase you.*
- *Make yourself appear as large as possible.*
- *Back away slowly.*

### *Handling an ATTACK*

- *Act aggressively and stomp your feet, yell or throw something at the animal.*
- *If the animal comes within range, use your bear spray as per instructions.*
- *If the animal makes contact, fight back and attack the eyes and nose with whatever you have at hand (e.g. stick, rock, hiking pole). Let the animal know you are not easy prey.*




# ਐਲਕ ਨੇੜੇ ਹੁਸ਼ਿਆਰ ਰਹਿਣਾ

# *Living Smart near Elk*

## ਐਲਕ ਨਾਲ ਸਾਮ੍ਹਣਿਆਂ ਤੋਂ ਬਚੋ

ਐਲਕ ਬੋ ਵੈਲੀ ਵਿੱਚ ਆਮਤੌਰ ਤੇ ਦੇਖੇ ਜਾਂਦੇ ਹਨ। ਕਦੇ ਵੀ ਐਲਕ ਦੇ ਨੇੜੇ ਨਾ ਜਾਓ ਕਿਉਂਕਿ ਉਹ ਅਜਿਹੇ ਜੰਗਲੀ ਜਾਨਵਰ ਹਨ ਜਿੰਨ੍ਹਾਂ ਨੂੰ ਆਪਣੀ ਜਗ੍ਹਾ ਦੀ ਲੋੜ ਹੁੰਦੀ ਹੈ ਅਤੇ ਉਹ ਅਨਿਸ਼ਚਿਤ ਢੰਗ ਨਾਲ ਪ੍ਰਤੀਕਿਰਿਆ ਕਰ ਸਕਦੇ ਹਨ।

- ਐਲਕ ਖਤਰਨਾਕ ਹੋ ਸਕਦੇ ਹਨ।
- ਜੇ ਜਾਨਵਰ ਤੁਹਾਡੀ ਮੌਜੂਦਗੀ ਕਰਕੇ ਪ੍ਰਤੀਕਿਰਿਆ ਕਰ ਰਿਹਾ ਹੈ - **ਤੁਸੀਂ ਬਹੁਤ ਨੇੜੇ ਹੋ।**
- ਐਲਕ ਨੂੰ ਕਾਫੀ ਸਾਰੀ ਜਗ੍ਹਾ ਦਿਓ। **ਘੱਟੋ ਘੱਟ 30 ਮੀਟਰ** (ਜਾਂ 3 ਸਕੂਲ ਬਸਾਂ ਦੀ ਲੰਬਾਈ) ਦੀ ਦੂਰੀ ਤੇ ਰਹੋ।
- ਐਲਕ ਜਾਂ ਉਨ੍ਹਾਂ ਦੇ ਵੱਛਿਆਂ ਦੇ ਨੇੜੇ ਨਾ ਜਾਓ।
- ਸ਼ੋਰ ਕਰੋ। ਜੇ ਉਨ੍ਹਾਂ ਨੂੰ ਹੈਰਾਨ ਕੀਤਾ ਜਾਂਦਾ ਹੈ ਤਾਂ ਐਲਕ ਅਚਾਨਕ ਟ੍ਰੈਫਿਕ ਵਿੱਚ ਜਾਂ ਬਾੜ੍ਹਾਂ ਵਿੱਚ ਭੱਜ ਕੇ ਆਪਣੇ ਆਪ ਨੂੰ ਜਾਂ ਮਨੁੱਖਾਂ ਨੂੰ ਖਤਰੇ ਵਿੱਚ ਪਾ ਸਕਦੇ ਹਨ।
- ਆਪਣੇ ਪਾਲਤੂ ਜਾਨਵਰਾਂ ਨੂੰ ਲੀਸ਼ ਤੇ ਰੱਖੋ।
- ਮਾਦਾ ਐਲਕ ਬੱਚਿਆਂ ਨੂੰ ਜਨਮ ਦੇਣ ਦੇ ਮੌਸਮ (ਮਈ - ਜੂਨ) ਦੇ ਦੌਰਾਨ ਖਾਸ ਕਰਕੇ ਆਕ੍ਰਮਕ ਹੋ ਸਕਦੀਆਂ ਹਨ।
- ਨਰ ਐਲਕ ਪ੍ਰਜਨਨ ਕਾਲ (ਸਿਤੰਬਰ - ਅਕਤੂਬਰ) ਦੇ ਦੌਰਾਨ ਖਾਸ ਕਰਕੇ ਆਕ੍ਰਮਕ ਹੋ ਸਕਦੇ ਹਨ।

## *Avoid Elk Encounters*

*Elk are commonly seen in the Bow Valley. Never approach elk as they are wild animals that need their space and they can react unpredictably.*

- *Elk can be dangerous.*
- *If the animal is responding to your presence – **you are too close.***
- *Give elk plenty of room. Keep at a distance of **at least 30 metres** (or 3 school bus lengths).*
- *Do not approach elk or their calves.*
- *Make noise. Elk can endanger themselves or humans by suddenly running into traffic or fences if surprised.*
- *Keep your pets on a leash.*
- *Female elk can be especially aggressive during the calving season (May – June).*
- *Male elk can be especially aggressive during the breeding season (September – October).*

## ਇੱਕ ਹਮਲੇ ਨੂੰ ਸੰਭਾਲਣਾ

- ਜੇ ਤੁਹਾਡੇ ਤੇ ਐਲਕ ਦੁਆਰਾ ਹਮਲਾ ਕੀਤਾ ਜਾਂਦਾ ਹੈ, ਤਾਂ ਆਪਣੇ ਆਪ ਨੂੰ ਇੱਕ ਠੋਸ ਢਾਂਚੇ ਜਿਵੇਂ ਕਿ ਇੱਕ ਪੇੜ ਜਾਂ ਕਾਰ ਦੇ ਪਿੱਛੇ ਰੱਖੋ।
- ਜੇ ਤੁਹਾਡੇ ਕੋਲ ਬੇਅਰ ਸਪ੍ਰੇ ਹੈ, ਤਾਂ ਉਸ ਨੂੰ ਵਰਤਣ ਬਾਰੇ ਸੋਚੋ।

## *Handling an ATTACK*

- *If you are charged by an elk, position yourself behind a solid structure such as a tree or car.*
- *If you have bear spray, consider using it.*

403.591.7755 ਤੇ ਆਕ੍ਰਮਕ ਐਲਕ ਨਾਲ ਸਾਮ੍ਹਣਿਆਂ ਦੀ ਰਿਪੋਰਟ ਕਰੋ।

ਸਾਰੀਆਂ ਜਨਤਕ ਸੁਰੱਖਿਆ ਐਮਰਜੈਂਸੀਆਂ ਲਈ, 9-1-1 ਨੂੰ ਫੋਨ ਕਰੋ

*Report aggressive elk encounters to 403.591.7755*

*For all public safety emergencies, call 9-1-1*

ਇਸ ਪ੍ਰਾਜੈਕਟ ਨੂੰ ਹੇਠਾਂ ਦਿੱਤੀਆਂ ਸੰਸਥਾਵਾਂ ਦੀ ਸਹਾਇਤਾ ਦੇ ਨਾਲ ਫੰਡ ਕੀਤਾ ਗਿਆ ਹੈ:

This project has been funded with the support of the following organizations:

CALGARY FOUNDATION
FOR COMMUNITY, FOREVER